**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ) ਪੰਜਾਬ ਐਸ.ਏ.ਐਸ ਨਗਰ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ -E,ਚੋਥੀ ਮੰਜਿਲ, ਫੇਜ -8 ਐਸ.ਏ.ਐਸ ਨਗਰ**

**(Through Website)**

ਵੱਲ,

1) ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ), ਪੰਜਾਬ।

2) ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ), ਪੰਜਾਬ।

3) ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ;ਸਿ),ਪੰਜਾਬ।

ਮੀਮੋ ਨੰ; 15/21/2017-ਕੋ ਸੈੱਲ(1)/ 570

ਮਿਤੀ ਚੰਡੀਗੜ੍ਹ ! 3.8.17

**ਵਿਸ਼ਾ ;** **. ਸੇਵਾਕਾਲ ਵਿੱਚ ਵਾਧੇ ਤੇ ਚੱਲ ਰਹੇ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕਮਿਊਟਿਡ ਲੀਵ ਦੇਣ ਸਬੰਧੀ ਵਿੱਤ ਵਿਭਾਗ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਦਿੱਤੇ ਸਪੱਸ਼ਟੀ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਕਰਮਚਾਰੀ/ਅਧਿਕਾਰੀ ਦੀ ਵੱਧ ਵਗ੍ਹਾਂ ਰਿਟਾਇਰਮੇਂਟ ਮਿਤੀ ਨੂੰ ਹਰ ਕਿਸਮ ਦੀ ਛੁੱਟੀ ਦਾ ਖਾਤਾ ਲੈਪਸ ਹੋ ਜਾਂਦਾ ਹੈ। ਇਸ ਲਈ ਵੱਧ ਵਗ੍ਹਾਂ ਸੇਵਾ ਨਵਿਰਤੀ ਉਪਰੰਤ ਕਰਮਚਾਰੀ ਵੱਲੋਂ ਆਪਸ਼ਨਲ ਵਾਧੇ ਦੌਰਾਨ ਕਮਾਈ ਜਾਣ ਵਾਲੀ ਛੁੱਟੀ ਵਿੱਚੋਂ ਹੀ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਛੁੱਟੀ ਮਿਲਣਯੋਗ ਹੈ ਅਤੇ ਸਬੰਧਤ ਕਰਮਚਾਰੀ ਵੱਲੋਂ ਵੱਧ ਅਵੇਲ ਕੀਤੀ ਛੁੱਟੀ ਉਸਦੀ ਲੀਵ ਇੰਨਕੈਸ਼ਮੇਂਟ ਹੋਣ ਯੋਗ ਛੁੱਟੀ 300 ਦਿਨ ਵਿੱਚੋਂ ਕੱਟਣ ਯੋਗ ਹੈ। ਇਸ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-2) ਉਨ੍ਹਾਂ ਦੇ ਅੰ.ਵਿ.ਪੱਤਰ ਨੰ: 22/53/2006-3ਵਿ.ਪ੍ਰ-2/237 ਮਿਤੀ 07/06/2017 ਰਾਹੀਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਜਾਰੀ ਕੀਤਾ ਸਪੱਸ਼ਟੀਕਰਨ ਹੇਠ ਅਨੁਸਾਰ Re-produce ਕੀਤਾ ਜਾਂਦਾ ਹੈ:-

| ਲੜੀ ਨੰ: | ਪ੍ਰਬੰਧਕੀ ਵਿਭਾਗ ਵੱਲੋਂ ਉਠਾਏ ਨੁਕਤੇ | ਵਿੱਤ ਵਿਭਾਗ ਦੀ ਸਥਿਤੀ |
|---|---|---|
| 1 | ਇਹ ਕਿ ਕੀ ਵਾਧੇ ਤੇ ਚੱਲ ਰਹੇ ਅਧਿਕਾਰੀਆਂ/ਕਰਮਚਾਰੀਆਂ ਨੇ ਜੋ ਕਮਾਈ ਛੁੱਟੀ/ ਅੱਧੀ ਤਨਖਾਹ ਛੁੱਟੀ/ਕਮਿਊਟਿਡ ਲੀਵ ਮਿਤੀ 30-10-15 ਤੱਕ ਪੁਰਾਣੀ ਪਾਲਿਸੀ( ਜਿਸ ਅਨੁਸਾਰ ਵੱਧ ਤੋਂ ਵੱਧ ਖਾਤੇ ਵਿੱਚ 450 ਦਿਨ ਦੀ ਕਮਾਈ ਛੁੱਟੀ ਰਹਿ ਸਕਦੀ ਸੀ) ਤਹਿਤ ਮਾਣ ਲਈ ਹੈ, ਕੀ ਉਹ ਮਾਣੀ ਹੋਈ ਛੁੱਟੀ ਵੀ ਉੱਕਤ ਦਰਸਾਈਆਂ ਕਲੈਰੀਫਿਕੇਸ਼ਨਜ਼ ਅਨੁਸਾਰ Superannuation ਦੀ ਮਿਤੀ ਤੋਂ ਮੁੜ ਵਾਚੀ ਜਾਵੇਗੀ ਅਤੇ ਨਵੀਂ ਕਲੈਰੀਫਿਕੇਸਨਜ ਅਨੁਸਾਰ ਵਾਧੇ ਦੇ ਦੌਰਾਂਨ Earn ਕੀਤੀ ਛੁੱਟੀ ਲੀਵ ਇੰਨਕੈਸ਼ਮੇਂਟ ਵੇਲੇ ਮਿਲਣਯੋਗ 300 ਦਿਨਾ ਦੀ ਛੁੱਟੀ ਵਿੱਚੋਂ ਘਟਾਈ ਜਾਵੇਗੀ। | ਪੰਜਾਬ ਸਿਵਲ ਨਿਯਮਾਂਵਲੀ ਜਿਲਦ 1 ਭਾਗ 1 ਦੇ ਨਿਯਮ 8.21 ਵਿੱਚ ਦਰਜ ਉਪਬੰਧਾਂ ਸਨਮੁੱਖ ਸਰਕਾਰੀ ਕਰਮਚਾਰੀ ਦਾ ਉਸ ਦੀ ਵੱਧ ਵਗ੍ਹਾਂ ਰਿਟਾਇਰਮੈਂਟ ਮਿਤੀ ਨੂੰ ਹਰ ਕਿਸਮ ਦਾ ਛੁੱਟੀ ਖਾਤਾ Lapse ਹੋ ਜਾਂਦਾ ਹੈ। ਇਸ ਲਈ ਵੱਧ ਵਗ੍ਹਾਂ ਸੇਵਾ ਨਵਿਰਤੀ ਉਪਰੰਤ ਕਰਮਚਾਰੀ ਵੱਲੋਂ ਆਪਸ਼ਨਲ ਵਾਧੇ ਦੌਰਾਂਨ ਕਮਾਈ ਜਾਣ ਵਾਲੀ ਛੁੱਟੀ ਵਿੱਚੋਂ ਹੀ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਛੁੱਟੀ ਮਿਲਣਯੋਗ ਹੈ ਅਤੇ ਸਬੰਧਤ ਕਰਮਚਾਰੀ ਵੱਲੋਂ ਵੱਧ ਅਵੇਲ ਕੀਤੀ ਛੁੱਟੀ ਉਸਦੀ ਲੀਵ ਇੰਨਕੈਸ਼ਮੇਂਟ ਹੋਣ ਯੋਗ ਛੁੱਟੀ 300 ਦਿਨ ਵਿੱਚੋਂ ਕੱਟਣ ਯੋਗ ਹੈ। |

| | | |
|---|---|---|
| 2 | ਕੀ Superannuation ਦੀ ਮਿਤੀ ਨੂੰ ਜਮ੍ਹਾਂ ਅੱਧੀ ਤਨਖਾਹ ਛੁੱਟੀ ਅੱਗੇ Carryforward ਹੋਵੇਗੀ ਅਤੇ ਉਸ ਵਿੱਚੋਂ ਵਾਧੇ ਦੇ ਸਮੇਂ ਦੌਰਾਨ (ਭਾਵੇਂ ਉਹ ਵਾਧੇ ਦੀ ਪਾਲਿਸੀ ਜਾਂ ਵਾਧੇ ਦੇ ਐਕਟ ਅਧੀਨ ਹੋਵੇ) ਕਮਿਊਟਿਡ ਛੁੱਟੀ ਮਿਲਣਯੋਗ ਹੋਵੇਗੀ ਜਾਂ ਫਿਰ ਵਾਧੇ ਤੋਂ ਬਾਅਦ Earn ਕੀਤੀ ਗਈ ਅੱਧੀ ਤਨਖਾਹ ਛੁੱਟੀ ਵਿੱਚੋਂ ਹੀ ਕਮਿਊਟਿਡ ਛੁੱਟੀ ਮਿਲਣਯੋਗ ਹੋਵੇਗੀ ਅਤੇ ਬਾਕੀ ਵਾਧੂ ਛੁੱਟੀ (ਜੇਕਰ ਲਈ ਜਾਂਦੀ ਹੈ) ਤਾਂ ਉਹ ਮਿਲਣਯੋਗ ਲੀਵ ਇੰਨਕੈਸ਼ਮੈਂਟ ਵਿੱਚੋਂ ਕੱਟੀ ਜਾਵੇਗੀ। | ਵਿੱਤ ਵਿਭਾਗ ਵੱਲੋਂ ਸੇਵਾ ਕਾਲ ਵਿੱਚ ਵਾਧੇ ਤੇ ਚੱਲ ਰਹੇ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਦਿੱਤੀ ਜਾਣ ਵਾਲੀ ਅੱਧੀ ਤਨਖਾਹ (Half Pay) ਅਤੇ ਪ੍ਰੀਵਰਤਿਤ (Commuted Leave) ਛੁੱਟੀ ਸਬੰਧੀ ਸਮੂਹ ਵਿਭਾਗਾਂ/ਦਫਤਰਾਂ ਦਾ ਧਿਆਨ ਨੋਟੀਫਿਕੇਸ਼ਨ ਮਿਤੀ 30-10-15 ਵੱਲ ਦਿਵਾਉਂਦੇ ਹੋਏ ਹਦਾਇਤਾਂ ਪੱਤਰ ਮਿਤੀ 29-11-16 ਰਾਹੀਂ ਹੇਠ ਅਨੁਸਾਰ ਉਪਬੰਧ ਕੀਤੇ ਗਏ ਹਨ:-<br><br>"...........ਸੇਵਾਕਾਲ ਵਿੱਚ ਵਾਧੇ ਤੇ ਚੱਲ ਰਹੇ ਅਧਿਕਾਰੀ/ਕਰਮਚਾਰੀ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1,ਭਾਗ-1 ਦੇ ਨਿਯਮ 8.21 ਵਿੱਚ ਦਰਜ ਉਪਬੰਧਾਂ ਸਨਮੁੱਖ ਸਰਕਾਰੀ ਕਰਮਚਾਰੀ ਦਾ ਉਸਦੀ ਵੱਧ ਵਰ੍ਹਾਂ ਰਿਟਾਇਰਮੈਂਟ ਮਿਤੀ ਨੂੰ ਹਰ ਕਿਸਮ ਦਾ ਛੁੱਟੀ ਖਾਤਾ Lapse ਹੋ ਜਾਂਦਾ ਹੈ। ਇਸ ਲਈ Superannuation ਦੀ ਮਿਤੀ ਨੂੰ ਜਮ੍ਹਾਂ ਅੱਧੀ ਤਨਖਾਹ ਛੁੱਟੀ ਅੱਗੇ Carryforward ਨਹੀਂ ਕੀਤਾ ਜਾਣਾ ਹੈ। ਕੇਵਲ ਵਾਧੇ ਦੌਰਾਨ Earn ਕੀਤੀ ਗਈ ਅੱਧੀ ਤਨਖਾਹ ਛੁੱਟੀ ਵਿੱਚੋਂ ਹੀ ਕਮਿਊਟਿਡ ਛੁੱਟੀ ਮਿਲਣਯੋਗ ਹੋਵੇਗੀ ਅਤੇ ਬਾਕੀ ਵਾਧੂ ਛੁੱਟੀ (ਜੇਕਰ ਲਈ ਗਈ ਹੋਵੇ ਤਾਂ) ਉਹ ਮਿਲਣਯੋਗ ਲੀਵ ਇੰਨਕੈਸ਼ਮੈਂਟ ਛੁੱਟੀ ਵਿੱਚੋਂ ਕੱਟੀ ਜਾਵੇਗੀ। |

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ ਐਸ.ਏ.ਐਸ ਨਗਰ
ਮਿਤੀ

ਪਿੱਠ ਅੰਕਣ ਨੰ:

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ ਨੂੰ ਸੂਚਨਾ ਅਤੇ ਲੋੜੀਂਦੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਤਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ ਐਸ.ਏ.ਐਸ ਨਗਰ